ਸੇਵਾ ਵਿਖੇ

**Principal,**
Akal Academy,Gobindpur,
ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ।

ਨੰਬਰ: 204 ਮਿਤੀ: 07-8-2019

ਵਿਸ਼ਾ: Akal Academy,Gobindpur, ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ ।

ਹਵਾਲਾ:- ਆਪ ਦਾ ਹਵਾਲਾ ਪੱਤਰ:4/2019/177 ਮਿਤੀ:19.04.2019

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਸਕੂਲ ਦੀ ਬਿਲਡਿੰਗ ਦਾ ਨਿਰੀਖਣ ਨਿਮਨਹਸਤਾਖਰ ਕਰਤਾ ਵੱਲੋ ਕੀਤਾ ਗਿਆ ਅਤੇ ਆਪ ਦੇ ਸਕੂਲ ਵੱਲੋ ਲਾਏ ਗਏ ਦਸਤਾਵੇਜਾ ਅਨੁਸਾਰ ਇਸ ਸਕੂਲ ਦੀ ਉਸਾਰੀ ਸਾਲ 2013 ਦੌਰਾਨ ਕੀਤੀ ਹੋਈ ਹੈ, ਅਤੇ ਮੌਕੇ ਅਨੁਸਾਰ ਉਪਰੋਕਤ ਸਕੂਲ ਦੀ ਬਿਲਡਿੰਗ ਸੇਫ ਪਾਈ ਗਈ।ਇਸ ਲਈ ਇਸ ਸਕੂਲ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਸਾਲ 01.04.2019 ਤੋ 31.03.2029 ਤੱਕ ਹੇਠ ਲਿਖੀਆ ਸ਼ਰਤਾ ਤੇ ਜਾਰੀ ਕੀਤਾ ਜਾਂਦਾ ਹੈ:-

1. ਇਸ ਸਕੂਲ ਦੀ ਬਿਲਡਿੰਗ ਦੀ ਰਿਪੇਅਰ ਹਰ ਸਾਲ ਕਰਵਾਈ ਜਾਵੇ।
2. ਇਸ ਸਕੂਲ ਦੀ ਬਿਲਡਿੰਗ ਦੀਆਂ ਛੱਤਾ ਉੱਤੇ ਅਤੇ ਆਲੇ ਦੁਆਲੇ ਪਾਣੀ ਖੜ੍ਹਾਂ ਨਾਂ ਹੋਣ ਦਿੱਤਾ ਜਾਵੇ।
3. ਜੇਕਰ ਬਿਲਡਿੰਗ ਦੀ ਕਿਸੇ ਜਗ੍ਹਾਂ ਤੇ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁੰਰਤ ਖਾਲੀ ਕਰਵਾ ਦਿੱਤਾ ਜਾਵੇ ਅਤੇ ਇਸ ਵਿਭਾਗ ਤੋ ਇਸਪੈਕਸ਼ਨ ਤੁਰੰਤ ਕਰਵਾਈ ਜਾਵੇ ਅਤੇ ਜਲਦੀ ਹੀ ਜਿਸ ਜਗ੍ਹਾਂ ਤੇ ਕਰੈਕ ਆਉਦੇ ਹਨ ਤਾਂ ਉਸ ਜਗ੍ਹਾਂ ਦੀ ਰਿਪੇਅਰ ਕਰਵਾਈ ਜਾਵੇ।
4. ਬਿਲਡਿੰਗ ਦੀ ਹਰ ਪੱਖੋ ਸੇਫਟੀ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾਂ/ਸਕੂਲ ਦੀ ਹੋਵੇਗੀ। ਅੱਗ ਬੁਝਾਊ ਯੰਤਰ ਚਾਲੂ ਹਾਲ ਵਿੱਚ ਹੋਣੇ ਚਾਹੀਦੇ ਹਨ ਅਤੇ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਸਬੰਧਤ ਦਫਤਰ ਤੋ ਲੈਣ ਦੀ ਜਿਮੇਵਾਰੀ ਆਪ ਦੇ ਸਕੂਲ/ਸੰਸਥਾ ਦੀ ਹੋਵੇਗੀ।
5. ਇਸ ਸਕੂਲ ਦੀ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਕਰਨਾਂ ਹੋਵੇ ਤਾਂ ਇਸ ਨੂੰ ਕੰਪੀਟੈਂਟ ਅਥਾਰਟੀ ਤੋ ਪਹਿਲਾਂ ਪਾਸ ਕਰਵਾਇਆ ਜਾਵੇ।
6. ਇੱਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਇਸ ਸਕੂਲ ਦਾ ਸਰਟੀਫਿਕੇਟ 2029 ਤੱਕ ਜਾਰੀ ਕੀਤਾ ਜਾਂਦਾ ਹੈ, ਪਰ ਇਸ ਸਕੂਲ ਬਿਲਡਿੰਗ ਦੀ ਹਰ ਸਾਲ ਇਸ ਵਿਭਾਗ ਤੋ ਇਸਪੈਕਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਉਪਰੋਕਤ ਬਿਲਡਿੰਗ ਸੇਫਟੀ ਸਰਟੀਫਿਕੇਟ ਨੂੰ ਹਰ ਸਾਲ ਰੀਨਿਊ ਕਰਵਾਉਣਾ ਯਕੀਨੀ ਬਣਾਂਇਆ ਜਾਵੇ।

ਨੱਥੀ/ ਨਿਲ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ,
ਨਵਾਂਸ਼ਹਿਰ ।

ਪਿੰ:ਅੰ:ਨੰ: ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ ਸ਼ਹੀਦ ਭਗਤ ਸਿੰਘ ਨਗਰ ਨੂੰ ਆਪ ਜੀ ਦੇ ਦਫਤਰ ਦਾ ਪਿੰ:ਅੰ:ਨੰ: 2248-49 ਮਿਤੀ: 02.08.2017 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।ਇਸ ਸਕੂਲ ਦਾ ਕਵਡ ਏਰੀਆ 8800 Sft ਹੈ,ਅਤੇ ਇਸ ਦੀ ਬਣਦੀ ਫੀਸ ਬਾਬਤ ਰੁ 50000/- ਜਮ੍ਹਾਂ ਕਰਵਾ ਦਿੱਤੇ ਹਨ।

ਨੱਥੀ/ ਨਿਲ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ,
ਨਵਾਂਸ਼ਹਿਰ

Scanned with CamScanner